# ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 12 ਜੂਨ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੀ.ਏ.ਯੂ. ਦੇ ਵਿਜ਼ਟਿੰਗ ਪ੍ਰੋਫੈਸਰ ਅਤੇ ਸਾਬਕਾ ਵਿਦਿਆਰਥੀ ਨਾਲ ਵਿਸ਼ੇਸ਼ ਵਿਚਾਰ-ਚਰਚਾ ਕਰਵਾਈ ਗਈ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 12 ਜੂਨ : ਪੀ.ਏ.ਯੂ. ਦੇ ਗਣਿਤ, ਸਟੈਟਟਿਕਸ ਅਤੇ ਫਿਜ਼ਿਕਸ ਵਿਭਾਗ ਵੱਲੋਂ ਇਕ ਵਿਸ਼ੇਸ਼ ਵਿਚਾਰ-ਚਰਚਾ ਦਾ ਆਯੋਜਨ ਕੀਤਾ ਗਿਆ| ਇਸ ਵਿਚ ਮਾਹਿਰ ਵਕਤਾ ਵਜੋਂ ਪੀ.ਏ.ਯੂ. ਦੇ ਆਨਰੇਰੀ ਵਿਜ਼ਟਿੰਗ ਪ੍ਰੋਫੈਸਰ ਅਤੇ ਸਾਬਕਾ ਵਿਦਿਆਰਥੀ ਡਾ. ਸਰਜਿੰਦਰ ਸਿੰਘ ਸ਼ਾਮਿਲ ਹੋਏ| ਡਾ. ਸਰਜਿੰਦਰ ਸਿੰਘ ਹਾਲੀਆ ਸਮੇਂ ਟੈਕਸਾਸ ਯੂਨੀਵਰਸਿਟੀ ਕਿੰਗਜ਼ਵਿਲੇ ਅਮਰੀਕਾ ਦੇ ਗਣਿਤ ਵਿਭਾਗ ਵਿਚ ਪ੍ਰੋਫੈਸਰ ਦੀਆਂ ਸੇਵਾਵਾਂ ਨਿਭਾ ਰਹੇ ਹਨ| ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਯੂਨੀਵਰਸਿਟੀ ਨਾਲ ਜੁੜੇ ਡਾ. ਸਰਜਿੰਦਰ ਸਿੰਘ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਉਹਨਾਂ ਦੇ ਸਨਮਾਨ ਦੀ ਰਸਮ ਅਦਾ ਕੀਤੀ|

ਵਿਚਾਰ-ਚਰਚਾ ਦੌਰਾਨ ਡਾ. ਸਰਜਿੰਦਰ ਸਿੰਘ ਨੇ ਅਮਰੀਕਾ ਵਿਚ ਅਧਿਆਪਨ ਦੇ ਆਪਣੇ ਤਜਰਬੇ ਸਾਂਝੇ ਕੀਤੇ| ਉਹਨਾਂ ਨੇ ਮੌਜੂਦਾ ਵਿਦਿਆਰਥੀਆਂ ਨੂੰ ਸਮੂਹਿਕ ਰੂਪ ਵਿਚ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਖੋਜ ਅਤੇ ਅਧਿਆਪਨ ਨੂੰ ਬਿਹਤਰ ਬਨਾਉਣ ਦੇ ਨੁਕਤੇ ਵੀ ਸਾਂਝੇ ਕੀਤੇ| ਡਾ. ਸਿੰਘ ਨੇ ਕਿਹਾ ਕਿ ਜ਼ਿੰਦਗੀ ਵਿਚ ਨਿਸ਼ਾਨੇ ਮਿੱਥ ਕੇ ਉਹਨਾਂ ਦੀ ਪ੍ਰਾਪਤੀ ਲਈ ਸਮਰਪਣ ਨਾਲ ਕਾਰਜ ਕਰਨਾ ਸਫਲਤਾ ਦੀ ਪੂੰਜੀ ਹੈ|

ਇਸ ਮੌਕੇ ਸੰਬੰਧਿਤ ਵਿਭਾਗਾਂ ਦੇ ਅਧਿਆਪਨ ਅਮਲੇ, ਖੋਜਾਰਥੀਆਂ ਅਤੇ ਪੀ ਜੀ ਵਿਦਿਆਰਥੀਆਂ ਨੇ ਵਿਚਾਰ-ਚਰਚਾ ਵਿਚ ਭਾਗ ਲਿਆ| ਵਿਦਿਆਰਥੀਆਂ ਨੇ ਡਾ. ਸਿੰਘ ਤੋਂ ਬਹੁਤ ਸਾਰੇ ਸਵਾਲ ਪੁੱਛੇ ਅਤੇ ਉਹਨਾਂ ਦੇ ਜੀਵਨ ਤਜਰਬਿਆਂ ਨੂੰ ਗਿਆਨ ਦੇ ਸਰੋਤ ਵਜੋਂ ਦੇਖਿਆ|

ਵਿਭਾਗ ਦੇ ਮੁਖੀ ਡਾ. ਮੁਹੰਮਦ ਜਾਵੇਦ ਨੇ ਡਾ. ਸਰਜਿੰਦਰ ਸਿੰਘ ਦੀ ਜਾਣ-ਪਛਾਣ ਕਰਵਾਈ| ਉਹਨਾਂ ਦੱਸਿਆ ਕਿ ਡਾ. ਸਰਜਿੰਦਰ ਸਿੰਘ 1991 ਵਿਚ ਪੀ.ਏ.ਯੂ. ਤੋਂ ਡਾਕਟਰੇਟ ਦੀ ਪੜਾਈ ਕਰਨ ਤੋਂ ਬਾਅਦ ਕੈਨੇਡਾ ਵਿਚ ਗਏ| ਉਹਨਾਂ ਨੇ ਆਪਣੇ ਖੇਤਰ ਵਿਚ ਬਹੁਤ ਸਾਰਾ ਖੋਜ ਅਤੇ ਪ੍ਰਕਾਸ਼ਨ ਕਾਰਜ ਕੀਤਾ| 1994 ਵਿਚ ਉਹਨਾਂ ਨੂੰ ਅਮਰੀਕਾ ਵਿਚ ਨੌਜਵਾਨ ਵਿਗਿਆਨੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ| ਦੇਸ਼-ਵਿਦੇਸ਼ ਦੀਆਂ ਕਈ ਵੱਕਾਰੀ ਸੁਸਾਇਟੀਆਂ ਨਾਲ ਜੁੜੇ ਹੋਣ ਵਾਲੇ ਡਾ. ਸਰਜਿੰਦਰ ਸਿੰਘ ਦੁਨੀਆਂ ਭਰ ਵਿਚ ਸਟੈਟਿਕਸ ਦੇ ਵਿਸ਼ੇ ਉੱਪਰ ਆਪਣੇ ਵਿਚਾਰ ਸਾਂਝੇ ਕਰਨ ਲਈ ਜਾਂਦੇ ਰਹੇ ਹਨ|

ਬੇਸਿਕ ਸਾਇੰਸਜ਼ ਕਾਲਜ ਦੇ ਡੀਨ ਡਾ. ਕਿਰਨ ਬੈਂਸ ਨੇ ਵਿਭਾਗ ਵੱਲੋਂ ਆਯੋਜਿਤ ਕੀਤੇ ਇਸ ਭਾਸ਼ਣ ਨੂੰ ਲਾਹੇਵੰਦ ਕਿਹਾ| ਸੰਸਥਾਈ ਸੰਪਰਕ ਦੇ ਸਹਿਯੋਗੀ ਨਿਰਦੇਸ਼ਕ ਡਾ. ਵਿਸ਼ਾਲ ਬੈਕਟਰ ਨੇ ਇਸ ਵਿਚਾਰ-ਚਰਚਾ ਸੈਸ਼ਨ ਦਾ ਸੰਚਾਲਨ ਕੀਤਾ| ਅੰਤ ਵਿਚ ਡਾ. ਅੰਮ੍ਰਿਤ ਕੌਰ ਮਾਹਲ ਨੇ ਸਭ ਲਈ ਧੰਨਵਾਦ ਦੇ ਸ਼ਬਦ ਕਹੇ| ਇਸ ਮੌਕੇ ਪੀ.ਏ.ਯੂ. ਦੇ ਵੱਖ-ਵੱਖ ਵਿਭਾਗਾਂ ਦੇ ਮਾਹਿਰ ਅਤੇ ਵਿਗਿਆਨੀ ਮੌਜੂਦ ਸਨ|

## ਪੰਜਾਬੀ ਦੇ ਸਿਰਮੌਰ ਗੀਤਕਾਰ ਸਵ. ਸੁਰਜੀਤ ਰਾਮਪੁਰੀ ਦੇ ਜਨਮ ਸ਼ਤਾਬਦੀ ਵਰ੍ਹੇ ਦਾ ਦਿਨ ਪਿੰਡ ਰਾਮਪੁਰ ਵਿਚ ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ

ਵਰਲਡ ਪੰਜਾਬੀ ਟਾਈਮਜ਼



ਰਾਮਪੁਰ 12 ਜੂਨ : ਪੰਜਾਬੀ ਸਾਹਿਤ ਲਈ ਬੜਾ ਸੁਭਾਗਾ ਦਿਨ ਹੈ ਕਿਉਂਕਿ ਅੱਜ ਦੇ ਦਿਨ ਪੰਜਾਬੀ ਦੇ ਸਿਰਮੌਰ ਗੀਤਕਾਰ ਸਵ. ਸੁਰਜੀਤ ਰਾਮਪੁਰੀ ਜੀ ਦੀ ਜਨਮ ਸ਼ਤਾਬਦੀ ਦਾ ਦਿਨ ਹੈ। ਉਨ੍ਹਾਂ ਦਾ ਜਨਮ 12 ਜੂਨ, 1926 ਨੂੰ ਹੋਇਆ ਸੀ। ਸੁਰਜੀਤ ਰਾਮਪੁਰੀ 'ਤੇ ਰਾਮਪੁਰ ਪਿੰਡ ਵਾਲ਼ਿਆਂ ਨੂੰ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਜਗਤ ਨੂੰ ਫ਼ਖ਼ਰ ਹੈ। ਸੁਰਜੀਤ ਰਾਮਪੁਰੀ ਜੀ ਨੇ ਕਵਿਤਾਵਾਂ ਵੀ ਲਿਖੀਆਂ, ਗ਼ਜ਼ਲਾਂ ਵੀ, ਗੀਤ ਵੀ ਪਰ ਵਿਸ਼ੇਸ਼ ਰੂਪ ਵਿਚ ਗੀਤਕਾਰ ਵਜੋਂ ਆਪ ਨੂੰ ਵੱਡੀ ਪ੍ਰਸਿੱਧੀ ਹਾਸਲ ਹੋਇਆ। ਉਨ੍ਹਾਂ ਦੇ ਬਹੁਤ ਸਾਰੇ ਗੀਤ ਲੋਕਾਂ ਦੀ ਜ਼ੁਬਾਨ 'ਤੇ ਹਨ। 'ਠਰੀ ਚਾਨਣੀ' ਗੀਤ ਨੇ ਸਾਹਿਤਕ ਹਲਕਿਆਂ ਵਿਚ ਵੱਡਾ ਤਹਿਲਕਾ ਮਚਾ ਦਿੱਤਾ ਸੀ। 1958 ਵਿਚ ਜਦੋਂ ਸੁਰਜੀਤ ਰਾਮਪੁਰੀ ਜੀ ਨੇ ਜਲੰਧਰ ਵਿਖੇ ਪੰਜਾਬੀ ਕਾਨਫ਼ਰੰਸ ਵਿਚ ਇਹ ਗੀਤ ਪੜ੍ਹਿਆ ਸੀ ਤਾਂ ਹਾਜ਼ਰ ਸਾਹਿਤਕਾਰ ਅਸ਼-ਅਸ਼ ਕਰ ਉੱਠੇ ਸਨ। ਪੰਜਾਬੀ ਦੇ ਵੱਡੇ ਨਾਵਲਕਾਰ ਸ਼੍ਰੀ ਰਾਮ ਸਰੂਪ ਅਣਖੀ ਜੀ ਨੇ ਇਕ ਪੈਂਫ਼ਲਿਟ ਵਿਚ ਇਹ ਬਕਾਇਦਾ ਲਿਖਿਆ ਸੀ ਕਿ 'ਠਰੀ ਚਾਨਣੀ' ਵਰਗਾ ਕਲਾਸੀਕਲ ਗੀਤ ਇਸ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਆਇਆ ਨਾ ਸੀ। ਸੁਰਜੀਤ ਰਾਮਪੁਰੀ ਜੀ ਇਕ ਲਹਿਰ ਦਾ ਨਾਂ ਸੀ। ਸੁਰਜੀਤ ਰਾਮਪੁਰੀ ਜੀ ਨੂੰ ਅਦਬੀ ਲੋਕ ਹਮੇਸ਼ਾ ਯਾਦ ਕਰਦੇ ਹਨ ਅਤੇ ਕਰਦੇ ਰਹਿਣਗੇ। ਸੁਰਜੀਤ ਰਾਮਪੁਰੀ ਜੀ ਦੀ ਇਕ ਵਿਸ਼ੇਸ਼ ਦੇਣ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਸਥਾਪਨਾ ਕਰਨੀ ਹੈ। ਰਾਮਪੁਰ ਦੇ ਅਤੇ ਇਲਾਕੇ ਦੇ ਸਾਹਿਤਕਾਰ 1953 ਤੋਂ ਪਹਿਲਾਂ ਲੁਧਿਆਣਾ ਸ਼ਹਿਰ ਵਿਚ ਸਾਹਿਤ ਮੀਟਿੰਗ ਵਿਚ ਜਾ ਕੇ ਆਪਣੀਆਂ ਰਚਨਾਵਾਂ ਪੜ੍ਹਦੇ ਸਨ। ਸੁਰਜੀਤ ਰਾਮਪੁਰੀ ਜੀ ਦੇ ਮਨ ਵਿਚ ਫੁਰਨਾ ਫੁਰਿਆ ਕਿਉਂ ਨਾ ਇਕ ਲਿਖਾਰੀ ਸਭਾ ਰਾਮਪੁਰ ਵਿਚ ਹੀ ਸਥਾਪਿਤ ਕੀਤੀ ਜਾਵੇ। ਸੋ ਸੁਰਜੀਤ ਰਾਮਪੁਰੀ ਜੀ ਨੇ ਆਪਣੇ ਸਾਹਿਤਕਾਰ ਸਾਥੀਆਂ ਨਾਲ ਸਭਾ ਬਣਾਉਣ ਦਾ ਮਸ਼ਵਰਾ ਪੇਸ਼ ਕੀਤਾ। ਸਭ ਨੇ ਸਭਾ ਬਣਾਉਣ ਦੀ ਹਾਮੀ ਭਰੀ। ਇਸੇ ਤਹਿਤ 7ਅਗਸਤ 1953 ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਸਥਾਪਿਤ ਹੋਈ। ਪੰਜਾਬੀ ਲਿਖਾਰੀ ਸਭਾ ਰਾਮਪੁਰ ਪੰਜਾਬ ਦੀ ਪਹਿਲੀ ਪੇਂਡੂ ਸਾਹਿਤ ਸਭਾ ਹੈ। ਅੱਜ ਇਸ ਸਭਾ ਦਾ ਦੇਸ਼ਾਂ ਵਿਦੇਸ਼ਾਂ ਵਿਚ ਨਾਂ ਹੈ। ਇਸ ਸਭਾ ਨੇ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਲਈ ਲਗਾਤਾਰ ਆਪਣਾ ਯੋਗਦਾਨ ਪਾ ਰਹੀ ਹੈ। ਇਸ ਸਭਾ ਦੀ ਮੀਟਿੰਗ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਰਾਮਪੁਰ ਸਭਾ ਦੀ ਲਾਇਬ੍ਰੇਰੀ ਵਿਚ ਹੁੰਦੀ ਹੈ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਮੌਜੂਦਾ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸੋਹਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸ੍ਰੀ ਸੁਰਜੀਤ ਰਾਮਪੁਰੀ ਦੀ ਜਨਮ ਸ਼ਤਾਬਦੀ ਪ੍ਰੋਗਰਾਮ ਪਿੰਡ ਰਾਮਪੁਰ ਵਿਚ ਬੜੇ ਵਿਸ਼ਾਲ ਰੂਪ ਵਿਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਸਾਂਝੇ ਰੂਪ ਵਿਚ ਕਰਿਆ ਜਾਵੇਗਾ। ਇਸ ਪ੍ਰੋਗਰਾਮ ਦੀ ਤਰੀਕ ਅਤੇ ਰੂਪ-ਰੇਖਾ ਐਲਾਨ ਜਲਦ ਹੀ ਸਾਂਝਾ ਕਰਿਆ ਜਾਵੇਗਾ। ਅੱਜ ਜਨਮ ਸ਼ਤਾਬਦੀ ਦੇ ਮੌਕੇ ਉੱਤੇ ਸ੍ਰੀ ਸੁਰਜੀਤ ਰਾਮਪੁਰੀ ਜੀ ਦਾ ਪੋਸਟਰ ਡਾ. ਸਰਬਜੀਤ ਸਿੰਘ, ਡਾ. ਗੁਲਜ਼ਾਰ ਪੰਧੇਰ, ਡਾ. ਗੁਰਇਕਬਾਲ ਸਿੰਘ, ਜਨਮੇਜਾ ਸਿੰਘ ਜੌਹਲ, ਕੇ. ਸਾਧੂ ਸਿੰਘ ਅਤੇ ਅਮਰਿੰਦਰ ਸੋਹਲ ਆਦਿ ਨੇ ਰੀਲੀਜ਼ ਕਰਿਆ।

## ਜਸਪਾਲ ਪੰਜਗਰਾਈ ਨੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ

ਵਰਲਡ ਪੰਜਾਬੀ ਟਾਈਮਜ਼
ਟਿੱਕੂ ਕੁਮਾਰ



ਕੋਟਕਪੂਰਾ, 12 ਜੂਨ : ਭਾਰਤੀ ਜਨਤਾ ਪਾਰਟੀ ਦੇ ਨਵ ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨਾਲ ਚੰਡੀਗੜ੍ਹ ਵਿਖੇ ਜਸਪਾਲ ਸਿੰਘ ਪੰਜਗਰਾਈ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ ਸੀ ਮੋਰਚਾ ਪੰਜਾਬ ਵਿਧਾਨ ਸਭਾ ਹਲਕਾ ਜੈਤੋ ਨੇ ਵਿਸੇਸ਼ ਮੁਲਕਾਤ ਕੀਤੀ! ਇਸ ਸਮੇਂ ਉਹਨਾਂ ਨਾਲ ਅਸ਼ਵਨੀ ਸ਼ਰਮਾ ਸਾਬਕਾ ਪ੍ਰਧਾਨ ਪੰਜਾਬ, ਜਗਬੀਰ ਸਿੰਘ ਬਰਾੜ ਸਾਬਕਾਵਿਧਇਕ, ਹਰਦੀਪ ਸ਼ਰਮਾ ਬਾਹਮਣ ਵਾਲਾ ਆਦਿ ਵੀ ਹਾਜਰ ਸਨ! ਜਸਪਾਲ ਸਿੰਘ ਪੰਜਗਰਾਈ ਨੇ ਜੈਤੋ ਵਿਧਾਨ ਸਭਾ ਹਲਕੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਬੀਜੇਪੀ ਦੇ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਪੰਜ਼ਾਬ ਦੀਆਂ ਅਨੁਸੁਚਿਤ ਜਾਤੀਆਂ ਤੇ ਪੰਜ਼ਾਬ ਦੀਆਂ ਵਿਮੁਕਤ ਜਾਤੀਆਂ ਬਾਰੇ ਵਿਸਥਾਰ ਪੂਰਵਕ ਗੱਲਬਾਤ ਕੀਤੀ ਗਈ! ਇਸ ਮੌਕੇ ਜਸਪਾਲ ਪੰਜਗਰਾਈ ਨੇ ਮੰਗ ਕੀਤੀ ਕਿ ਸਾਰੇ ਵਰਕਰਾ ਦਾ ਧਿਆਨ ਰੱਖਿਆ ਜਾਵੇ ਅਤੇ ਫਰੀਦਕੋਟ ਵਿਖੇ ਉਨ੍ਹਾਂ ਨੂੰ ਸੱਦਾ ਦਿੱਤਾ ਪੰਜਾਬ ਪ੍ਰਧਾਨ ਨੇ ਜਸਪਾਲ ਪੰਜਗਰਾਈ ਨੂੰ ਭਰੋਸਾ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਨੂੰ ਕਾਮਯਾਬ ਕਰਨ ਲਈ ਸਾਰੇ ਲੋਕਾਂ ਦਾ ਧਿਆਨ ਰੱਖਿਆ ਜਾਵੇਗਾਂ! ਉਨਾ ਵੱਲੋਂ ਫਰੀਦਕੋਟ ਆਉਣ ਲਈ ਟਾਈਮ ਦੇ ਦਿੱਤਾ ਗਿਆ! ਜਸਪਾਲ ਸਿੰਘ ਪੰਜਗਰਾਈ ਨੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਪ੍ਰਧਾਨ ਬਣਨ ਤੇ ਵਧਾਈ ਦਿੱਤੀ ਅਤੇ ਹਾਈ ਕਮਾਂਡ ਦਾ ਧੰਨਵਾਦ ਕੀਤਾ! ਪੰਜ਼ਾਬ ਪ੍ਰਧਾਨ ਤੋਂ ਵੱਡੀਆਂ ਉਮੀਦਾਂ ਰੱਖਿਆ! ਉਨਾ ਕਿਹਾ ਕਿ ਪੰਜਾਬ ਵਿੱਚ ਕੇਵਲ ਸਿੰਘ ਢਿੱਲੋਂ ਦੇ ਪ੍ਰਧਾਨ ਬਣਨ ਨਾਲ2027 ਦੀ ਸਰਕਾਰ ਬਣਾਉਣ ਲਈ ਵੱਡੀ ਜਿੱਤ ਹੋਵੇ ਗਈ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪਹਿਲੀ ਵਾਰ ਪੰਜਾਬ ਵਿਚ ਸਰਕਾਰ ਬਣੇ ਗਈ!

## ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਕਵੀ ਦਰਬਾਰ

### ਸ਼ਿੰਗਾਰ ਸਿੰਘ ਸਿੱਧੂ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਨਾਲ ਨਿਵਾਜਿਆ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਿਆਟਲ 12 ਜੂਨ : ਸਿਆਟਲ ਦੀਆਂ ਫ਼ਿਜ਼ਾਵਾਂ ਉਸ ਸਮੇਂ ਸਾਹਿਤਕ ਰੰਗ ਵਿੱਚ ਰੰਗੀਆਂ ਗਈਆਂ ਜਦੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਰੰਧਾਵਾ ਫਾਊਂਡੇਸ਼ਨ ਦੇ ਵਿਹੜੇ ਇੱਕ ਯਾਦਗਾਰੀ ਕਵੀ ਦਰਬਾਰ ਸਜਾਇਆ ਗਿਆ। ਇਹ ਵਿਸ਼ੇਸ਼ ਸਮਾਗਮ ਜਿੱਥੇ ਮੈਮੋਰੀਅਲ ਦਿਨ ਦੇ ਸ਼ਹੀਦਾਂ ਅਤੇ ਜੂਨ 1984 ਦੇ ਘੱਲੂਘਾਰੇ ਦੇ ਅਮਰ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸੀ, ਉੱਥੇ ਹੀ ਪੰਜਾਬੀ ਮਾਂ-ਬੋਲੀ ਦੇ ਅਲਬੇਲੇ ਸ਼ਾਇਰ ਮਰਹੂਮ ਡਾ. ਸੁਰਜੀਤ ਪਾਤਰ ਨੂੰ ਵੀ ਅਕੀਦਤ ਦੇ ਫੁੱਲ ਭੇਟ ਕੀਤੇ ਗਏ, ਜੋ 11 ਮਈ 2024 ਨੂੰ ਸਾਥੋਂ ਸਦਾ ਲਈ ਵਿਛੜ ਗਏ ਸਨ। ਇਸ ਰੂਹਾਨੀ ਅਤੇ ਸਾਹਿਤਕ ਮਹਿਫ਼ਲ ਵਿੱਚ ਵਾਸ਼ਿੰਗਟਨ ਸਟੇਟ ਦੇ ਵੱਖ-ਵੱਖ ਸ਼ਹਿਰਾਂ ਤੋਂ ਸਾਹਿਤ ਪ੍ਰੇਮੀ, ਬੁਲਾਰੇ ਅਤੇ ਸੂਖਮ ਸੋਚ ਦੇ ਮਾਲਕ ਕਵੀ ਸ਼ਹੀਦਾਂ ਨੂੰ ਪ੍ਰਣਾਮ ਕਰਨ ਲਈ ਉਚੇਚੇ ਤੌਰ 'ਤੇ ਪਹੁੰਚੇ।

ਸਮਾਗਮ ਦਾ ਆਗਾਜ਼ ਅਮਰੀਕਾ ਦੇ ਫੌਜੀ ਸ਼ਹੀਦਾਂ ਅਤੇ 1984 ਦੇ ਸ਼ਹੀਦਾਂ ਦੇ ਸਤਿਕਾਰ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਕੀਤਾ ਗਿਆ। ਮੰਚ ਦੀ ਵਾਗਡੋਰ ਗੁਰਪ੍ਰੀਤ ਸੋਹਲ ਨੇ ਸੰਭਾਲੀ, ਜਿਨ੍ਹਾਂ ਨੇ ਆਪਣੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਪੂਰੇ ਪ੍ਰੋਗਰਾਮ ਵਿੱਚ ਸੁਹਜ-ਸਵਾਦ ਭਰਿਆ। ਸਭਾ ਦੇ ਪ੍ਰਧਾਨ ਕਰਨੈਲ ਸਿੰਘ ਕੈਲ ਨੇ ਆਏ ਹੋਏ ਤਮਾਮ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਨਿੱਘਾ ਸਵਾਗਤ ਕਰਦਿਆਂ ਸ਼ਹੀਦਾਂ ਦੇ ਜੀਵਨ ਅਤੇ ਉਨ੍ਹਾਂ ਦੇ ਫਲਸਫੇ 'ਤੇ ਭਾਵਪੂਰਤ ਵਿਚਾਰ ਸਾਂਝੇ ਕੀਤੇ। ਗੁਰਪ੍ਰੀਤ ਸੋਹਲ ਨੇ ਪੰਜਾਬੀ ਲਿਖਾਰੀ ਸਭਾ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਸਾਹਿਤਕ ਤੇ ਸਮਾਜਿਕ ਕਾਰਜਾਂ ਦੀ ਰਿਪੋਰਟ ਸਾਂਝੀ ਕੀਤੀ ਅਤੇ ਭਵਿੱਖ ਦੇ ਉਪਰਾਲਿਆਂ ਬਾਰੇ ਵੀ ਵਿਸਥਾਰ ਨਾਲ ਚਾਨਣਾ ਪਾਇਆ।

ਇਸ ਸਾਹਿਤਕ ਇਕੱਤਰਤਾ ਦਾ ਸਭ ਤੋਂ ਖੂਬਸੂਰਤ ਅਤੇ ਮਾਣਮੱਤਾ ਪਲ ਉਹ ਸੀ, ਜਦੋਂ ਸਭਾ ਦੇ ਮੁੱਢਲੇ ਮੈਂਬਰ ਅਤੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਨੂੰ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪਾਏ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਲਈ 'ਜੀਵਨ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਨੇ ਸਮੁੱਚੇ ਹਾਜ਼ਰੀਨ ਦੀਆਂ ਤਾਲੀਆਂ ਦੀ ਗੂੰਜ ਵਿੱਚ ਸਮਾਗਮ ਦੀ ਸ਼ੋਭਾ ਨੂੰ ਹੋਰ ਵਧਾ ਦਿੱਤਾ।

ਕਾਵਿ-ਮਹਿਫ਼ਲ ਦੇ ਦੌਰਾਨ ਇੱਕ ਤੋਂ ਬਾਅਦ ਇੱਕ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਦੇ ਦਿਲਾਂ ਨੂੰ ਟੁੰਬਿਆ। ਕਵਿਤਾਵਾਂ ਦੀ ਇਸ ਸੁਰੀਲੀ ਛਹਿਬਰ ਵਿੱਚ ਕਰਨੈਲ ਕੈਲ, ਡਾ. ਕੌਸ਼ਲ ਸੈਣੀ, ਅਮਰਜੀਤ ਸਿੰਘ ਤਰਸਿੱਕਾ, ਹਰਪਾਲ ਸਿੱਧੂ, ਮਨਜੀਤ ਚਾਹਲ, ਮਸ਼ਹੂਰ ਗਾਇਕ ਬਲਵੀਰ ਲਹਿਰਾ, ਪ੍ਰੋ. ਸਾਧੂ ਸਿੰਘ ਝੱਜ, ਮਲਕੀਤ ਸਿੰਘ, ਅਵਤਾਰ ਸਿੰਘ ਆਦਮਪੁਰੀ, ਹਰਿੰਦਰਪਾਲ ਸਿੰਘ ਬੈਂਸ, ਹਰਦਿਆਲ ਸਿੰਘ ਚੀਮਾ, ਡਾ. ਸੁਖਵੀਰ ਬੀਹਲਾ, ਰਜਿੰਦਰ ਕੌਰ, ਮਨਜੀਤ ਕੌਰ ਗਿੱਲ, ਸ਼ਿੰਗਾਰ ਸਿੰਘ ਸਿੱਧੂ, ਸਰਬਜੀਤ ਸਿੰਘ ਨੂਰ, ਜਸਵੀਰ ਕੌਰ ਨਿੱਝਰ, ਸ਼ਾਨ ਦਿਓਲ, ਸੁਖਜੀਵਨ ਸਿੱਧੂ, ਗੁਰਪ੍ਰੀਤ ਸੋਹਲ ਅਤੇ ਦਵਿੰਦਰ ਸਿੰਘ ਹੀਰਾ ਨੇ ਆਪਣੀ ਕਲਮ ਦਾ ਜਾਦੂ ਬਿਖੇਰਦਿਆਂ ਸਭ ਨੂੰ ਮੰਤਰਮੁਗਧ ਕਰ ਦਿੱਤਾ।

ਸਾਹਿਤਕ ਰੰਗ ਦਾ ਆਨੰਦ ਮਾਣਨ ਅਤੇ ਆਪਣੀ ਹਾਜ਼ਰੀ ਨਾਲ ਸਮਾਗਮ ਨੂੰ ਚਾਰ-ਚੰਦ ਲਗਾਉਣ ਲਈ ਸਰੋਤਿਆਂ ਵਿੱਚ ਕਾਹਨ ਸਿੰਘ, ਅਵਨੀਤ ਕੌਰ, ਪੁਨਰਜੋਤ ਸਿੰਘ, ਰਾਜਵਿੰਦਰ ਕੌਰ, ਗੁਰਪ੍ਰੀਤ ਸੋਨੂੰ ਅਤੇ ਸੁਖਵਿੰਦਰ ਸਿੰਘ ਵੀ ਉਚੇਚੇ ਤੌਰ 'ਤੇ ਸ਼ਾਮਿਲ ਸਨ।

## ਪੰਜਾਬੀ ਕਵੀ ਸੁਰਜੀਤ ਰਾਮਪੁਰੀ ਜਨਮ -ਸ਼ਤਾਬਦੀ ਸਾਲ ਦਾ ਆਰੰਭ

### ਵਿਸ਼ਵ ਅਮਨ ਦੀ ਸਲਾਮਤੀ ਲਈ ਕਲਮਕਾਰਾਂ ਨੂੰ ਹੁਣ ਫੇਰ ਸਰਗਰਮ ਸਾਹਿੱਤ ਸਿਰਜਣਾ ਕਰਨ ਦੀ ਲੋੜ- ਡਾ. ਸ. ਪ. ਸਿੰਘ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 12 ਜੂਨ : ਵਿਸ਼ਵ ਅਮਨ ਲਹਿਰ ਦੇ ਸਿਰਕੱਢ ਪੰਜਾਬੀ ਕਵੀ ਸੁਰਜੀਤ ਰਾਮਪੁਰੀ ਜਨਮ ਸ਼ਤਾਬਦੀ ਸਾਲ ਦਾ ਆਰੰਭ ਕਰਦਿਆਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਲੁਧਿਆਣਾ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਾਂਝੇ ਉੱਦਮ ਨਾਲ ਕਰਵਾਏ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਸ ਪ ਸਿੰਘ ਨੇ ਕਿਹਾ ਹੈ ਕਿ ਵਿਸ਼ਵ ਅਮਨ ਦੀ ਸਲਾਮਤੀ ਲਈ ਪੰਜਾਬੀ ਕਲਮਕਾਰਾਂ ਨੂੰ ਮੁੜ ਲਾਮਬੰਦ ਹੋਣ ਦੀ ਲੋੜ ਹੈ। ਸੁਰਜੀਤ ਰਾਮਪੁਰੀ, ਪ੍ਰੋ. ਮੋਹਨ ਸਿੰਘ, ਅਜਾਇਬ ਚਿੱਤਰਕਾਰ, ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ ਤੇ ਪਿਆਰਾ ਸਿੰਘ ਸਹਿਰਾਈ ਵਰਗੇ ਲੇਖਕਾਂ ਨੂੰ ਸਾਡੀ ਇਹੀ ਸਹੀ ਸ਼ਰਧਾਂਜਲੀ ਹੋਵੇਗੀ ਕਿ ਹਰ ਜੰਗਬਾਜ਼ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਜਾਵੇ। ਵਰਤਮਾਨ ਲੇਖਕਾਂ ਦੀ ਬਹੁਗਿਣਤੀ ਜੇ ਅੱਜ ਤਮਾਸ਼ਬੀਨ ਵਾਂਗ ਜੰਗ ਨੂੰ ਸਿਰਫ਼ ਵੇਖ ਰਹੀ ਹੈ ਤਾਂ ਇਸ ਨਾਲ ਜ਼ਾਲਮ ਸਾਮਰਾਜ ਦੇ ਦੰਦ ਹੋਰ ਤਿੱਖੇ ਹੁੰਦੇ ਹਨ।
ਇਸ ਮੌਕੇ ਉਨ੍ਹਾਂ ਡਾ. ਲਖਵਿੰਦਰ ਸਿੰਘ ਜੌਹਲ ਦੀ ਸੰਪਾਦਨਾ ਹੇਠ ਛਪਦੇ ਮੈਗਜ਼ੀਨ "ਕਾਵਿ ਲੋਕ" ਦਾ "ਸੁਰਜੀਤ ਰਾਮਪੁਰੀ ਵਿਸ਼ੇਸ਼ ਅੰਕ" ਪ੍ਰੋ. ਜਗਮੋਹਨ ਸਿੰਘ(ਸ਼ਹੀਦ ਭਗਤ ਸਿੰਘ ਜੀ ਦੇ ਭਣੇਵੇਂ), ਪ੍ਰੋ. ਗੁਰਭਜਨ ਸਿੰਘ ਗਿੱਲ,ਸ. ਹਰਸ਼ਰਨ ਸਿੰਘ ਨਰੂਲਾ ਤੇ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਮਲਹੋਤਰਾ ਦੇ ਸੰਗ ਸਾਥ ਲੋਕ ਅਰਪਣ ਕੀਤਾ। ਕਾਵਿ ਲੋਕ ਦੇ ਇਸ ਵਿਸ਼ੇਸ਼ ਅੰਕ ਨੂੰ ਸੁਰਿੰਦਰ ਰਾਮਪੁਰੀ ਨੇ ਸੰਪਾਦਿਤ ਕੀਤਾ ਹੈ।
ਇਸ ਮੌਕੇ ਬੋਲਦਿਆਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਮੈਂ 1960-61 ਵਿੱਚ ਲਿਖਾਰੀ ਸਭਾ ਰਾਮਪੁਰ ਦੀਆਂ ਮਿਲਣੀਆਂ ਵਿੱਚ ਲਗਾਤਾਰ ਸ਼ਾਮਲ ਹੋ ਕੇ ਲੇਖਕਾਂ ਦੀ ਜਥੇਬੰਦਕ ਸ਼ਕਤੀ ਨੂੰ ਵੇਖਦਾ ਰਿਹਾ ਹਾਂ। ਰਾਮਪੁਰ ਦੇ ਪਿੱਪਲ ਥੱਲੇ ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ ਤੇ ਮੱਲ ਸਿੰਘ ਰਾਮਪੁਰੀ ਨੂੰ ਨਵੇਂ ਲੇਖਕਾਂ ਲਈ ਪ੍ਰੇਰਨਾ ਸ਼ਕਤੀ ਬਣਦਿਆਂ ਵੇਖਿਆ ਹੈ।
ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਅੱਜ ਕਾਵਿ ਲੋਕ ਦੇ ਸੁਰਜੀਤ ਰਾਮਪੁਰੀ ਵਿਸ਼ੇਸ਼ ਅੰਕ ਦੇ ਬਹਾਨੇ ਅਸੀਂ ਵਿਚਾਰਨਾ ਹੈ ਕਿ ਪੁਰਖਿਆਂ ਪ੍ਰਤੀ ਸਾਡੀ ਪਹੁੰਚ ਕਿੰਨੀ ਕੁ ਜ਼ੁੰਮੇਵਾਰੀ ਵਾਲੀ ਹੈ। ਡਾ. ਲ਼ਖਵਿੰਦਰ ਜੌਹਲ ਤੇ ਸੁਰਿੰਦਰ ਰਾਮਪੁਰੀ ਨੇ ਪਹਿਲਕਦਮੀ ਕਰਕੇ ਸਾਨੂੰ ਵੀ ਜਗਾਇਆ ਹੈ।
ਇਸ ਸਮਾਗਮ ਵਿੱਚ ਡਾ. ਲਖਵਿੰਦਰ ਸਿੰਘ ਜੌਹਲ, ਪ੍ਰੋ. ਅਤੇ ਸੁਰਿੰਦਰ ਰਾਮਪੁਰੀ ਨੇ ਵੀ ਸੁਰਜੀਤ ਰਾਮਪੁਰੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਡਾ. ਜੌਹਲ ਨੇ ਦੱਸਿਆ ਕਿ ਸ. ਅਲਬੇਲ ਸਿੰਘ ਗਰੇਵਾਲ ਡੀ ਡੀ ਜੀ ਦੂਰਦਰਸ਼ਨ ਦੀ ਸਲਾਹ ਤੇ ਉਨ੍ਹਾਂ ਨੇ ਸੁਰਜੀਤ ਰਾਮਪੁਰੀ ਬਾਰੇ ਦਸਤਾਵੇਜ਼ੀ ਫ਼ਿਲਮ ਦਾ ਨਿਰਮਾਣ ਕੀਤਾ ਸੀ।
ਸੁਰਿੰਦਰ ਰਾਮਪੁਰੀ ਨੇ ਦੱਸਿਆ ਕਿ ਸੁਰਜੀਤ ਰਾਮਪੁਰੀ ਜੀ ਦੇ 1984 ਵਿੱਚ ਸੇਵਾਮੁਕਤ ਹੋਣ ਉਪਰੰਤ ਰਾਮਪੁਰ ਨਿਵਾਸ ਦੌਰਾਨ ਸਵੇਰ ਸ਼ਾਮ ਦੀ ਨਿਕਟ ਸਾਂਝ ਰਹੀ।
ਉਨ੍ਹਾਂ ਦੱਸਿਆ ਕਿ ਕਾਵਿ ਲੋਕ ਦੇ ਇਸ ਅੰਕ ਵਿੱਚ
ਗੁਰਬਚਨ ਸਿੰਘ ਭੁੱਲਰ , ਡਾ. ਵਨੀਤਾ,ਧਰਮ ਸਿੰਘ ਕੰਮੇਆਣਾ,ਡਾ.ਪਰਮਿੰਦਰ ਸਿੰਘ ਬੈਨੀਪਾਲ,ਡਾ. ਗਗਨ ਦੀਪ,ਡਾ. ਸਿਮਰਨਜੀਤ ਸਿੰਘ,ਡਾ. ਆਤਮ ਹਮਰਾਹੀ,ਡਾ.ਸੁਖਪਾਲ ਕੌਰ ਸਮਰਾਲਾ , ਡਾ.ਸਰਬਜੀਤ ਸਿੰਘ,ਗੁਰਭਜਨ ਸਿੰਘ ਗਿੱਲ , ਸੁਰਜੀਤ ਰਾਮਪੁਰੀ ਜੀ ਦਾ ਬੇਟੀ ਕਮਲਪ੍ਰੀਤ ਕੌਰ,ਉਸ ਦੇ ਨਿੱਕੇ ਵੀਰ ਹਰਨੇਕ ਸਿੰਘ ਮਾਂਗਟ,
-ਰਾਮ ਸਰੂਪ ਅਣਖੀ,ਭੁਪਿੰਦਰ ਸਿੰਘ ਪੀ.ਸੀ.ਐਸ,ਤੇਲੂ ਰਾਮ ਕੁਹਾੜਾ,ਡਾ. ਰਣਧੀਰ ਸਿੰਘ ਚੰਦ, ਡਾ. ਸਰਦੂਲ ਸਿੰਘ ਔਜਲਾ,ਪ੍ਰਿੰਸੀਪਲ ਤਖ਼ਤ ਸਿੰਘ,ਪ੍ਰੋ. ਬ੍ਰਹਮਜਗਦੀਸ਼ ਸਿੰਘ,ਪ੍ਰਿੰ. ਕਰਤਾਰ ਸਿੰਘ ਕਾਲੜਾ,ਡਾ.ਬਲਜੀਤ ਕੌਰ ਰਿਆੜ,ਨਾਵਲਕਾਰ ਜਸਵੰਤ ਸਿੰਘ ਕੰਵਲ,ਰਾਮਪੁਰੀ ਦੇ ਨਿਰੰਤਰ ਸਹਿਯਾਤਰੀ ਅਜਾਇਬ ਚਿੱਤਰਕਾਰ ਤੇ ਸੁਖਮਿੰਦਰ ਰਾਮਪੁਰੀ,ਭਗਵੰਤ ਸਿੰਘ, -ਅਮਰ ਹਾਂਡਾ,ਡਾ. ਸ. ਨ. ਸੇਵਕ, ਗੁਰਦਿਆਲ ਦਲਾਲ,ਮਨਮੋਹਨ ਸਿੰਘ ਦਾਊਂ, ਪ੍ਰੋ. ਸੁਲੱਖਣ ਮੀਤ ,ਸੁਰਿੰਦਰ ਰਾਮਪੁਰੀ,ਉਸ ਦਾ ਆਪਣੀ ਕਵਿਤਾ ਬਾਰੇ ਸਵੈ ਕਥਨ ਅਤੇ ਫੌਜੀ ਜੀਵਨ ਦੀਆਂ ਯਾਦਾਂ ਅਤੇ ਰਾਮਪੁਰ ਸਕੂਲ ਆਫ਼ ਪੋਇਟਰੀ ਨਾਮੀ ਤਿੰਨ ਲੇਖ ਛਾਪੇ ਗਏ ਹਨ। ਇਸ ਤੋਂ ਇਲਾਵਾ ਸੁਰਜੀਤ ਰਾਮਪੁਰੀ ਜੀ ਦਾ ਜੀਵਨ ਬਿਉਰਾ , ਕੁਝ ਚੋਣਵੀਆਂ ਰਚਨਾਵਾਂ ਤੋਂ ਇਲਾਵਾ
ਦਲਜੀਤ ਕੌਰ ਚਾਨਾ,ਉਲਫ਼ਤ ਬਾਜਵਾ,ਸਤੀਸ਼ ਗੁਲਾਟੀ ,ਪ੍ਰੋ. ਰਵਿੰਦਰ ਭੱਠਲ,ਹਰਭਜਨ ਸਿੰਘ ਮਾਂਗਟ,ਸਾਧੂ ਰਾਮ ਸ਼ਰਮਾ ਰਾਮਪੁਰੀ,ਗੁਰਸੇਵਕ ਸਿੰਘ ਢਿੱਲੋਂ ਦੀਆਂ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ।
ਮੰਚ ਸੰਚਾਲਨ ਡਾ. ਮਨਦੀਪ ਕੌਰ ਰੰਧਾਵਾ ਨੇ ਕੀਤਾ ਜਦ ਕਿ ਤ੍ਰੈਲੋਚਨ ਲੋਚੀ ਤੇ ਗੁਰਸੇਵਕ ਸਿੰਘ ਢਿੱਲੋਂ ਦੀਆਂ ਰਚਨਾਵਾਂ ਨੂੰ ਤਰੰਨਮ ਵਿੱਚ ਸੁਣਾ ਕੇ ਮਾਹੌਲ ਸੁਰੀਲਾ ਕਰ ਦਿੱਤਾ।
ਇਸ ਸਮਾਗਮ ਵਿੱਚ ਗੁਰਦਿਆਲ ਦਲਾਲ, ਤੇਲੂ ਰਾਮ ਕੋਹਾੜਾ, ਦੀਪ ਦਿਲਬਰ, ਸਤੀਸ਼ ਗੁਲਾਟੀ, ਰਾਜਦੀਪ ਤੂਰ, ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ, ਲਿਖਾਰੀ ਸਭਾ ਰਾਮਪੁਰ ਦੇ ਸਾਬਕਾ ਪ੍ਰਧਾਨ, ਅਨਿਲ ਫਤਹਿਗੜ੍ਹ ਜੱਟਾਂ,ਗੁਰਸੇਵਕ ਸਿੰਘ ਢਿੱਲੋਂ ਤਰਨ ਸਿੰਘ ਬੱਲ, ਅਜਾਇਬ ਚਿੱਤਰਕਾਰ ਦੇ ਸਪੁੱਤਰ ਸੁਖਪਾਲ ਸਿੰਘ, ਪ੍ਰਿੰਸੀਪਲ ਪਰਮਜੀਤ ਸਿੰਘ ਗਰੇਵਾਲ, ਮਨਦੀਪ ਕੌਰ ਭਮਰਾ, ਪ੍ਰੋ. ਅਮਨਪ੍ਰੀਤ ਕੌਰ, ਦੀਪ ਜਗਦੀਪ ਸਿੰਘ,ਪ੍ਰੋ. ਮਨੀਸ਼ਾ ਸ਼ਰਮਾ, ਨਵਨੀਤ ਸਿੰਘ ਸੇਖਾ , ਸ . ਅਵਤਾਰ ਸਿੰਘ ਤੇ ਰਾਜਿੰਦਰ ਸਿੰਘ ਸੰਧੂ ਹਾਜ਼ਰ ਸਨ।